Department of
Development of Punjabi Language
Punjabi University
Patiala

PUNJABI UNIVERSITY PATIALA
(Established under Punjab Act No. 35 of 1961)

ਪੰਜਾਬੀ ਭਾਸ਼ਾ ਵਿਕਾਸ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ
0175-3046460, 3046461 (O)
E.mail : headofdpd@gmail.com

ਪਰਮਿੰਦਰਜੀਤ ਕੌਰ (ਡਾ.)
ਮੁਖੀ,
ਪੰਜਾਬੀ ਭਾਸ਼ਾ ਵਿਕਾਸ ਵਿਭਾਗ
9501224000 (ਮੋਬਾ.)
0175-5136460 (ਦਫ਼ਤਰ)

DUI/23/3939
10/11/23

ਅ.ਸ.ਪ.ਨੰਬਰ: 91/31.41.31
ਮਿਤੀ: 08-11-2023

D-VC1/23/4528
10/11/2023

ਸਤਿਕਾਰਯੋਗ ਉਪਕੁਲਪਤੀ ਸਾਹਿਬ ਜੀ

ਮੈਨੂੰ ਆਪ ਜੀ ਨਾਲ ਇਹ ਜਾਣਕਾਰੀ ਸਾਂਝੀ ਕਰਦਿਆਂ ਅਥਾਹ ਖ਼ੁਸ਼ੀ ਹੋ ਰਹੀ ਹੈ ਕਿ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵੱਲੋਂ ਹਰ ਸਾਲ ਕਰਵਾਈ ਜਾਂਦੀ ਪੰਜਾਬੀ ਵਿਕਾਸ ਕਾਨਫ਼ਰੰਸ ਦੀ ਲੜੀ ਤਹਿਤ 35ਵੀਂ ਅੰਤਰਰਾਸ਼ਟਰੀ ਪੰਜਾਬੀ ਵਿਕਾਸ ਕਾਨਫ਼ਰੰਸ ਮਿਤੀ 05-07 ਦਸੰਬਰ 2023 ਨੂੰ ਯੂਨੀਵਰਸਿਟੀ ਕੈਂਪਸ ਵਿਖੇ ਆਯੋਜਿਤ ਕੀਤੀ ਜਾ ਰਹੀ ਹੈ। ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਸਰਬ-ਪੱਖੀ ਵਿਕਾਸ ਨੂੰ ਸਮਰਪਿਤ ਪੰਜਾਬੀ ਯੂਨੀਵਰਸਿਟੀ, ਪਟਿਆਲਾ ਆਪਣੀਆਂ ਅਕਾਦਮਿਕ ਸਰਗਰਮੀਆਂ ਦੇ ਨਾਲ-ਨਾਲ ਸਮਕਾਲੀ ਪੰਜਾਬੀ ਸਮਾਜ ਨੂੰ ਦਰਪੇਸ਼ ਚੁਣੌਤੀਆਂ ਬਾਰੇ ਗੰਭੀਰ ਵਿਚਾਰ ਚਰਚਾ ਲਈ ਨਿਰੰਤਰ ਯਤਨਸ਼ੀਲ ਹੈ।

ਪੰਜਾਬ ਦੇ ਮੌਜੂਦਾ ਦ੍ਰਿਸ਼ ਵਿੱਚ ਅਨੇਕਾਂ ਮਸਲੇ ਹਨ ਜੋ ਚਿੰਤਾ ਦੇ ਨਾਲ-ਨਾਲ ਚਿੰਤਨ ਦੀ ਮੰਗ ਵੀ ਕਰਦੇ ਹਨ। ਕਿਸਾਨਾਂ ਨਾਲ ਜੁੜੀਆਂ ਸਮੱਸਿਆਵਾਂ, ਪਰਵਾਸ ਦੀ ਹੋੜ, ਨਸ਼ਾਖੋਰੀ, ਬੇਰੁਜ਼ਗਾਰੀ, ਪ੍ਰਦੂਸ਼ਿਤ ਵਾਤਾਵਰਨ ਤੇ ਆਲਮੀ ਤਪਸ਼, ਘਟ ਰਹੇ ਪਾਣੀ, ਸੜਕੀ ਹਾਦਸੇ, ਪਹੁੰਚ ਤੋਂ ਦੂਰ ਹੁੰਦੀ ਜਾ ਰਹੀ ਸਿੱਖਿਆ, ਸਿਹਤ ਸਹੂਲਤਾਂ ਦੀ ਘਾਟ, ਰਿਸ਼ਤਾ-ਨਾਤਾ ਪ੍ਰਬੰਧ ਦਾ ਬਦਲਦਾ ਸਰੂਪ, ਵਧ ਰਹੀ ਅਸਹਿਣਸ਼ੀਲਤਾ ਅਤੇ ਨਵੀਂ ਤਕਨਾਲੋਜੀ ਵਰਗੇ ਬਹੁਤ ਸਾਰੇ ਮੁੱਦੇ ਅਤੇ ਮਸਲੇ ਪੰਜਾਬੀ ਸਮਾਜ ਲਈ ਗੰਭੀਰ ਸੋਚ-ਵਿਚਾਰ ਦੀ ਮੰਗ ਕਰਦੇ ਹਨ। ਇਸ ਕਾਨਫ਼ਰੰਸ ਦੇ ਮਾਧਿਅਮ ਰਾਹੀਂ ਉਪਰੋਕਤ ਮੁੱਦੇ ਅਤੇ ਭਵਿਖ ਦੇ ਵਿਕਾਸ ਲਈ ਦ੍ਰਿਸ਼ਟੀਕੋਣ ਨੂੰ ਖੋਜਣਾ ਸਾਡਾ ਮੁੱਖ ਮਨੋਰਥ ਹੈ। ਇਹਨਾਂ ਸਮੱਸਿਆਵਾਂ ਦਾ ਸਾਰਥਕ ਹੱਲ ਸਿਰਫ਼ ਸੰਵਾਦ ਹੈ। ਇਸੇ ਉਦੇਸ਼ ਦੀ ਪੂਰਤੀ ਲਈ ਇਸ ਕਾਨਫ਼ਰੰਸ ਦਾ ਵਿਸ਼ਾ ਸਮਕਾਲੀਨ ਸਮਾਜ ਵਿੱਚ ਪੰਜਾਬੀ : ਭਵਿਖਮੁਖੀ ਦ੍ਰਿਸ਼ਟੀਕੋਣ ਰੱਖਿਆ ਗਿਆ ਹੈ। ਇਸ ਕਾਨਫ਼ਰੰਸ ਵਿੱਚ ਵੱਖ-ਵੱਖ ਫ਼ੈਕਲਟੀਆਂ ਨਾਲ ਸੰਬੰਧਿਤ ਖੋਜ-ਪੱਤਰ ਪੰਜਾਬੀ ਭਾਸ਼ਾ ਵਿੱਚ ਪੜ੍ਹੇ ਜਾਣੇ ਹਨ।

ਇਸ ਲਈ ਆਪ ਜੀ ਦੀ ਯੂਨੀਵਰਸਿਟੀ ਵਿੱਚ ਸਥਾਪਿਤ ਵੱਖ-ਵੱਖ ਫ਼ੈਕਲਟੀਆਂ **(ਸਮਾਜ-ਵਿਗਿਆਨ ਫ਼ੈਕਲਟੀ, ਭਾਸ਼ਾ ਫ਼ੈਕਲਟੀ, ਕਾਨੂੰਨ ਫ਼ੈਕਲਟੀ, ਆਰਟਸ ਅਤੇ ਸਭਿਆਚਾਰ ਫ਼ੈਕਲਟੀ, ਬਿਜਨੈੱਸ ਸਟੱਡੀਜ਼ ਫ਼ੈਕਲਟੀ, ਕੰਪਿਊਟਰ ਸਾਇੰਸ ਫ਼ੈਕਲਟੀ, ਐਜੂਕੇਸ਼ਨ ਅਤੇ ਇਨਫਰਮੇਸ਼ਨ ਸਾਇੰਸ ਫ਼ੈਕਲਟੀ, ਇੰਜੀਨੀਅਰਿੰਗ ਫ਼ੈਕਲਟੀ, ਲਾਈਫ਼ ਸਾਇੰਸ ਫ਼ੈਕਲਟੀ, ਮੈਡੀਸਨ ਫ਼ੈਕਲਟੀ ਅਤੇ ਫ਼ਿਜ਼ੀਕਲ ਸਾਇੰਸ ਫ਼ੈਕਲਟੀ)** ਨਾਲ ਸੰਬੰਧਿਤ ਵਿਭਾਗਾਂ ਨੂੰ ਸੂਚਿਤ ਕਰਨ ਦੀ ਕ੍ਰਿਪਾਲਤਾ ਕਰਨਾ ਜੀ ਕਿ ਉਹ ਆਪਣੇ ਵਿਸ਼ੇ ਨਾਲ ਸੰਬੰਧਿਤ ਪੰਜਾਬੀ ਭਾਸ਼ਾ ਵਿੱਚ ਲਿਖੇ ਖੋਜ-ਪੱਤਰ ਦਾ **ਸੰਖੇਪ-ਸਾਰ** ਮਿਤੀ 14 ਨਵੰਬਰ 2023 ਤਕ ਕਿਸੇ ਵੀ ਪੰਜਾਬੀ ਫੌਂਟ ਵਿੱਚ ਟਾਈਪ ਕਰਕੇ ਸਾਡੇ ਈ-ਮੇਲ ਪਤੇ headofdpd@gmail.com 'ਤੇ ਭੇਜਣ ਦੀ ਕ੍ਰਿਪਾਲਤਾ ਕਰਨ ਜੀ। ਉਪਰੋਕਤ ਸੰਬੰਧੀ ਆਪ ਜੀ ਨੂੰ ਗੁਜਾਰਿਸ਼ ਹੈ ਕਿ ਆਪ ਜੀ ਦੀ ਯੂਨੀਵਰਸਿਟੀ ਦੀਆਂ ਵੱਖ-ਵੱਖ ਫ਼ੈਕਲਟੀਆਂ ਨੂੰ ਸੂਚਿਤ ਕਰਨ ਦੀ ਖੇਚਲ ਕਰਨਾ ਜੀ।

DUI

VC
8/11/2023.

ਹਿਤੂ,

ਪਰਮਿੰਦਰਜੀਤ ਕੌਰ 8/11/23
ਪਰਮਿੰਦਰਜੀਤ ਕੌਰ (ਡਾ.)

ਉਪਕੁਲਪਤੀ ਸਾਹਿਬ,
ਪੰਜਾਬ ਯੂਨੀਵਰਸਿਟੀ,
ਚੰਡੀਗੜ੍ਹ, ।

Circulate
14/11/23